CAREERINDIA

**Series #CDBA**

**SET-4**

Q.P. Code **6**

Roll No. | | | | | | | | |

Candidates must write the Q.P. Code on the title page of the answer-book.

- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ ਛਪੇ ਹੋਏ **11** ਪੰਨੇ ਹਨ ।
- ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿੱਚ **16** ਪ੍ਰਸ਼ਨ ਹਨ ।
- ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵੱਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
- **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿੱਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤੱਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇਂ ਵਿੱਚ ਉਹ ਉੱਤਰ ਪੁਸਤਿਕਾ ਵਿੱਚ ਕੋਈ ਉੱਤਰ ਨਹੀਂ ਲਿਖਣਗੇ ।

- Please check that this question paper contains **11** printed pages.
- Please check that this question paper contains **16** questions.
- Q.P. Code given on the right hand side of the question paper should be written on the title page of the answer-book by the candidate.
- **Please write down the serial number of the question in the answer-book before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

www.careerindia.com

# ਪੰਜਾਬੀ

# PUNJABI

*ਸਮਾਂ ਸੀਮਾ : **3** ਘੰਟੇ* — *ਪੂਰਨ ਅੰਕ : **80***

*Time allowed : **3** hours* — *Maximum Marks : **80***

CAREERINDIA

***General Instructions :***

*Question paper is divided into 4 parts.*
*It has total 16 questions.*
***Part-I*** *: 2 Questions no. 1 to 2*
***Part-II*** *: 5 Questions no. 3 to 7*
***Part-III*** *: 3 Questions no. 8 to 10*
***Part-IV*** *: 6 Questions no. 11 to 16*
*Attempt questions as per specific instructions.*
*Write question no. in answer book before attempting it.*

***ਸਧਾਰਨ ਨਿਰਦੇਸ਼ :***

*ਪ੍ਰਸ਼ਨ-ਪੱਤਰ ਵਿੱਚ ਕੁੱਲ ਚਾਰ ਭਾਗ ਹਨ ।*
*ਇਸ ਵਿੱਚੋ ਕੁੱਲ 16 ਪ੍ਰਸ਼ਨ ਹਨ ।*
***ਭਾਗ-I*** *: 2 ਪ੍ਰਸ਼ਨ ਨੰ. 1 ਤੋਂ 2 ਤੱਕ*
***ਭਾਗ-II*** *: 5 ਪ੍ਰਸ਼ਨ ਨੰ. 3 ਤੋਂ 7 ਤੱਕ*
***ਭਾਗ-III*** *: 3 ਪ੍ਰਸ਼ਨ ਨੰ. 8 ਤੋਂ 10 ਤੱਕ*
***ਭਾਗ-IV*** *: 6 ਪ੍ਰਸ਼ਨ ਨੰ. 11 ਤੋਂ 16 ਤੱਕ*

## ਭਾਗ-I : ਪੜ੍ਹਨ ਕੌਸ਼ਲ
## (PART-I : Reading Skills)

*6+4=10*

**ਨੋਟ:** *ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ'ਤੇ, ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ/ਉੱਤਰ ਸ਼ੀਟ ਵਿੱਚ ਦਰਜ ਕਰੋ ।*

**1.** ਇਸ ਪਿੰਡ ਦੇ ਚਾਰੇ ਪਾਸੇ ਪਿੱਪਲ, ਜੰਡ ਅਤੇ ਬਰੋਟਾ ਜਿਹੇ ਪੁਰਾਤਨ ਦਰਖ਼ਤਾਂ ਨੇ ਆਪਣੀ ਜਾਨਦਾਰ ਹੈਸੀਅਤ ਦੀ ਹੋਂਦ ਅੱਜ ਵੀ ਕਾਇਮ ਰੱਖੀ ਹੋਈ ਹੈ । ਮਨੁੱਖੀ ਜੀਵਨ ਦੀ ਹੋਂਦ ਨੂੰ ਬਰਕਰਾਰ ਰੱਖਣ ਦੇ ਸਾਧਨ ਖੂਹਾਂ, ਟੋਭਿਆਂ ਤੋਂ ਇਲਾਵਾਂ ਉੱਚੀਆਂ ਭੀੜੀਆਂ ਗਲ਼ੀਆਂ ਦੇ ਕੰਢੇ ਬਣੇ ਲਾਹੌਰੀ ਇੱਟਾਂ ਦੇ ਮਕਾਨ ਇੱਕ ਦਿਨ ਇਤਿਹਾਸਿਕ ਦੰਦ-ਕਥਾਵਾਂ ਬਣ ਜਾਣਗੇ । ਇਸ ਪਿੰਡ ਦੀ ਉੱਚੀਆਂ ਚੌਂਕੜੀਆਂ ਵਾਲੀ ਧਰਮਸ਼ਾਲਾ ਕਿਸੇ ਸਮੇਂ ਪਿੰਡ ਦੀ ਸੱਥ ਹੁੰਦੀ ਸੀ, ਜਿੱਥੇ ਪਾਰਲੀਮੈਂਟ ਅਤੇ ਅਸੈਂਬਲੀ ਵਾਂਗ ਹਰ ਇੱਕ ਬੰਦਾ ਆਪਣੀ ਰਾਏ ਜ਼ਰੂਰ ਪ੍ਰਗਟ ਕਰਦਾ ਸੀ । ਇਸ ਧਰਮਸ਼ਾਲਾ ਦੇ ਇੱਕ ਪਾਸੇ ਪਿੱਪਲਾਂ ਦੀ ਸੰਘਣੀ ਛਾਂ ਹੇਠਾਂ ਖੂਹ ਦੀਆਂ ਮੌਣਾਂ (ਖੂਹ ਦੀ ਬੰਨੀ) ਉੱਤੇ ਬੈਠ ਦੁਪਹਿਰ, ਸਿਆਲਾਂ ਨੂੰ ਪਿੰਡ ਦੇ ਬਜ਼ੁਰਗ, ਨਿੱਕੇ-ਵੱਡੇ ਅਤੇ ਮੁੰਡੇ-ਖੁੰਡੇ ਆਪਣੇ ਤਜ਼ਰਬੇ ਦੇ ਅਨੁਭਵਾਂ ਨੂੰ ਇੱਕ ਦੂਜੇ ਨਾਲ਼ ਸਾਂਝਾ ਕਰਦੇ ਸਨ । ਅੱਜ ਇਸ ਧਰਮਸ਼ਾਲਾ ਨੂੰ ਇੱਕ ਨਵਾਂ ਰੂਪ ਦੇ ਦਿੱਤਾ ਗਿਆ ਹੈ, ਜਿਸ ਤੋਂ ਇਸ ਦੀ ਪੁਰਾਤਨ ਦਿੱਖ ਖਤਮ ਹੋ ਗਈ ਹੈ । ਇਸ ਪਿੰਡ ਨੂੰ ਚਾਰੇ ਪਾਸੇ ਤੋਂ ਟੋਭਿਆਂ ਨੇ ਘੇਰ

www.careerindia.com

CAREERINDIA

ਰੱਖਿਆ ਹੈ ਜੋ ਇੱਕ ਪਾਸੇ ਵਿੱਦਿਆ ਦੇ ਮੰਦਰ ਸਕੂਲ ਕੋਲ ਹੈ ਅਤੇ ਦੂਜਾ ਟੋਭਾ ਗੁਰਦੁਆਰਾ ਸਾਹਿਬ ਦੇ ਕੋਲ, ਜਦੋਂ ਕਿ ਤੀਜਾ ਹਸਪਤਾਲ ਅਤੇ ਚੌਥਾ ਅਗਲੇ ਪਿੰਡ ਨੂੰ ਜਾਣ ਵਾਲੇ ਰਸਤੇ ’ਤੇ ਪੈਂਦਾ ਹੈ । ਇਹਨਾਂ ਟੋਭਿਆਂ ’ਤੇ ਵੱਛੀਆਂ, ਗਾਈਆਂ ਤੇ ਮੱਝਾਂ ਦਾ ਵੱਗ (ਝੁੰਡ) ਬੀਤੇ ਸਮੇਂ ਦੀ ਗੱਲ ਬਣ ਕੇ ਰਹਿ ਗਈ ਹੈ ਪਰ ਹਰ ਸਾਲ ਸਰਦੀ ਦੀ ਰੁੱਤੇ ਵੱਡੀ ਗਿਣਤੀ ਵਿੱਚ ਪਰਵਾਸੀ ਪੰਛੀ, ਹਜ਼ਾਰਾਂ ਕਿਲੋਮੀਟਰ ਦਾ ਲੰਮਾ ਪੈਂਡਾ ਤੈਅ ਕਰਕੇ ਇਹਨਾਂ ਟੋਭਿਆਂ ਦੀ ਖੋ ਚੁੱਕੀ ਸ਼ਾਨ ਨੂੰ ਬਰਕਰਾਰ ਰੱਖਣ ਦੀ ਕੋਸ਼ਸ਼ ਕਰਦੇ ਪ੍ਰਤੀਤ ਹੁੰਦੇ ਹਨ । ਅਤੀਤ ਦੀ ਗੱਲ ਕਰਦਿਆਂ ਬਜ਼ੁਰਗ ਦੱਸਦੇ ਹਨ ਕਿ ਇਸ ਪਿੰਡ ਵਿੱਚ ਬਣੀ ਮਸੀਤ, ਸ਼ਿਵ ਮੰਦਰ, ਪੀਰ ਦੀ ਦਰਗਾਹ, ਪੁਰਾਤਨ ਧਰਮਸ਼ਾਲਾ; ਜਿਸ ਦੀ ਦਿੱਖ ਬਦਲ ਦਿੱਤੀ ਗਈ ਹੈ, ਸਭ ਪੁਰਾਤਨ ਹਨ । ਇਸ ਪਿੰਡ ਵਿੱਚ ਧੂੰਮੀ ਪੱਤੀ ਦੀ ਉੱਚੀ ਘਾਟੀ ਉੱਤੇ ਬਣੇ ਰਾਣੀ ਦੇ ਕਿਲ੍ਹੇ ਦੇ ਖੰਡਰਾਤ ਨੂੰ ਯਾਦ ਕਰਦਿਆਂ, ਉਹ ਦੱਸਦੇ ਹਨ ਕਿ ਇਹ ਪਿੰਡ 500 ਸਾਲ ਤੋਂ ਵੀ ਪੁਰਾਣਾ ਲਗਦਾ ਹੈ । ਅੱਜ ਇਸ ਕਿਲ੍ਹੇ ਦਾ ਕੋਈ ਨਾਮੋ-ਨਿਸ਼ਾਨ ਨਹੀਂ ਹੈ । *6×1=6*

(i) ਪਿੰਡ ਦੇ ਚਾਰੇ ਪਾਸੇ ਕਿਸ ਨੇ ਆਪਣੀ ਹੈਸੀਅਤ ਦੀ ਹੋਂਦ ਨੂੰ ਕਾਇਮ ਰੱਖਿਆ ਹੋਇਆ ਹੈ ?

(A) ਪੁਰਾਤਨ ਕਿਲ੍ਹੇ ਨੇ
(B) ਮੱਝਾਂ ਦੇ ਵੱਗ ਨੇ
(C) ਧਰਮਸ਼ਾਲਾ ਨੇ
(D) ਪੁਰਾਤਨ ਦਰਖ਼ਤਾਂ ਨੇ

(ii) ਕੌਣ ਟੋਭਿਆਂ ਦੀ ਖੋ ਚੁੱਕੀ ਸ਼ਾਨ ਨੂੰ ਬਰਕਰਾਰ ਰੱਖਣ ਦੀ ਕੋਸ਼ਸ਼ ਕਰਦਾ ਪ੍ਰਤੀਤ ਹੁੰਦਾ ਹੈ ?

(A) ਵਿੱਦਿਆ ਦਾ ਮੰਦਰ
(B) ਹਸਪਤਾਲ
(C) ਪਰਵਾਸੀ ਪੰਛੀ
(D) ਅਗਲੇ ਪਿੰਡ ਨੂੰ ਜਾਣ ਵਾਲਾ ਰਸਤਾ

(iii) ਪਿੰਡ ਵਿੱਚ ਹਰ ਇੱਕ ਬੰਦਾ ਕਿੱਥੇ ਆਪਣੀ ਰਾਏ ਜ਼ਰੂਰ ਪ੍ਰਗਟ ਕਰਦਾ ਸੀ ?

(A) ਪੁਰਾਤਨ ਧਰਮਸ਼ਾਲਾ ਵਿਖੇ
(B) ਰਾਣੀ ਦੇ ਕਿਲ੍ਹੇ ਦੇ ਖੰਡਰਾਤ ਵਿੱਚ
(C) ਭੀੜੀਆਂ ਗਲ਼ੀਆਂ ਵਿੱਚ
(D) ਪੀਰ ਦੀ ਦਰਗਾਹ ਕੋਲ

(iv) ਪਿੰਡ ਨੂੰ ਚਾਰੇ ਪਾਸੇ ਤੋਂ ਕਿਸ ਨੇ ਘੇਰਿਆ ਹੋਇਆ ਹੈ ?

(A) ਖੂਹਾਂ ਨੇ
(B) ਕਿਲ੍ਹਿਆਂ ਨੇ
(C) ਹਸਪਤਾਲਾਂ ਨੇ
(D) ਟੋਭਿਆਂ ਨੇ



www.careerindia.com

CAREERINDIA

(v) ਪਿੰਡ ਦੇ ਬਜ਼ੁਰਗ ਅਤੇ ਮੁੰਡੇ ਦੁਪਹਿਰ, ਸਿਆਲਾਂ ਨੂੰ ਆਪਣੇ ਅਨੁਭਵ ਕਿੱਥੇ ਸਾਂਝੇ ਕਰਦੇ ਸਨ ?

(A) ਕਿਲ੍ਹੇ ਵਿੱਚ

(B) ਟੋਭਿਆਂ ਦੇ ਕੰਢੇ

(C) ਧੂੰਮੀ ਪੱਤੀ ਦੀ ਉੱਚੀ ਘਾਟੀ ਉੱਤੇ

(D) ਖੂਹ ਦੀਆਂ ਮੌਣਾਂ ਉੱਤੇ

(vi) ਪੈਰੇ ਅਨੁਸਾਰ ਇਤਿਹਾਸਿਕ ਦੰਦ-ਕਥਾਵਾਂ ਕੌਣ ਬਣ ਜਾਣਗੇ ?

(A) ਜੰਡ ਅਤੇ ਬਰੋਟਾ (B) ਲਾਹੌਰੀ ਇੱਟਾਂ ਦੇ ਮਕਾਨ

(C) ਪਿੱਪਲਾਂ ਦੀ ਸੰਘਣੀ ਛਾਂ (D) ਧੂੰਮੀ ਪੱਤੀ

**2.** ’ਕੇਰਾਂ ਇੱਕ ਫ਼ਰਿਸ਼ਤੇ ਮੈਨੂੰ, ਰਾਤੀਂ ਆਣ ਜਗਾਇਆ ।
ਮੰਗ ਲੈ ਜੋ ਕੁਝ ਮੰਗਣਾ ਹੋਵੇ, ਰੱਬੀ ਹੁਕਮ ਸੁਣਾਇਆ ।
ਮੈਂ ਮੰਗਿਆ ਕਿ ਕੰਮ-ਕਾਰ ਤੋਂ ਮੈਨੂੰ ਮੁਕਤ ਕਰਾਓ ।
ਪੰਜ ਰੁਪਈਏ ਟਣ-ਟਣ ਕਰਦੇ ਗ਼ੈਬੋਂ ਰੋਜ਼ ਦਿਵਾਓ ।
ਝੱਟ ‘ਤਥਾ ਅਸਤੂ’ ਫੁਰਮਾ ਕੇ, ਛਪਨ ਫ਼ਰਿਸ਼ਤਾ ਹੋਇਆ ।
ਪੰਜ ਰੁਪਈਏ ਰੋਜ਼ ਮਿਲ਼ਣ ਦਾ, ਸ਼ੁਰੂ ਨਵਿਸਤਾ ਹੋਇਆ । *4×1=4*

(i) ਫ਼ਰਿਸ਼ਤੇ ਦੇ ਵਰ ਨਾਲ਼ ਕਵੀ ਨੂੰ ਕੀ ਮਿਲਣ ਲੱਗ ਪਿਆ ?

(ii) ਫਰਿਸ਼ਤੇ ਨੇ ਕਿਹੜਾ ਰੱਬੀ ਹੁਕਮ ਸੁਣਾਇਆ ?

(iii) ਕਵੀ ਨੇ ਕਿਹੜੀ ਮੁਕਤੀ ਦਾ ਵਰ ਮੰਗਿਆ ?

(iv) ਫ਼ਰਿਸ਼ਤਾ ਕੀ ਕਹਿ ਕੇ ਚਲਾ ਗਿਆ ?

## ਭਾਗ-II : ਵਿਆਕਰਨ
## (PART–II : Grammar)

*2+2+2+2+4=12*

**3.** **ਸਮਾਸੀ ਸ਼ਬਦ** (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ***ਦੋ*** *(any **two**)* ਹੱਲ ਕਰੋ) : *2×1=2*

(i) ਹੇਠ ਲਿਖਿਆਂ ਵਿੱਚੋਂ ਸਹੀ ਸਮਾਸੀ ਸ਼ਬਦ ਚੁਣੋ :

(A) ਜਨਮ – ਮਰਨ (B) ਉਪਨਾਮ

(C) ਖੁਸ਼ – ਨਸੀਬ (D) ਨਿਰ – ਦੋਸ਼

(ii) ਜਿਹੜਾ ਰਚਿਤ ਸ਼ਬਦ, ਦੋ ਜਾਂ ਦੋ ਤੋਂ ਵੱਧ ਸ਼ਬਦਾਂ ਦੇ ਸੁਮੇਲ ਨਾਲ਼ ਬਣੇ ਤੇ ਨਵੇਂ ਅਰਥ ਪ੍ਰਗਟ ਕਰੇ, ਉਸ ਨੂੰ __________ ਆਖਿਆ ਜਾਂਦਾ ਹੈ । ਖਾਲੀ ਥਾਂ ਭਰਨ ਲਈ ਸਹੀ ਵਿਕਲਪ ਚੁਣੋ ।

(A) ਯੋਜਕ (B) ਸਮਾਸੀ ਸ਼ਬਦ

(C) ਪੜਨਾਂਵ (D) ਕਿਰਿਆ



www.careerindia.com

CAREERINDIA

(iii) 'ਰਾਤੋਂ-ਰਾਤ' ਸਮਾਸੀ ਸ਼ਬਦ ਲਈ ਠੀਕ ਸ਼ਬਦ-ਸਮੂਹ ਚੁਣੋ :

(A) ਰਾਤ (B) ਰਾਤ ਤੋਂ ਪਹਿਲਾਂ

(C) ਰਾਤ ਤੋਂ ਬਾਅਦ (D) ਰਾਤ ਹੀ ਰਾਤ ਵਿੱਚ

**4.** **ਬਹੁ-ਅਰਥਕ ਸ਼ਬਦ** (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ***ਦੋ*** *(any **two**)* ਹੱਲ ਕਰੋ) : *2×1=2*

(i) ਹੇਠ ਲਿਖੇ ਵਾਕਾਂ ਵਿਚਲੀਆਂ ਖਾਲੀ ਥਾਂਵਾਂ ਭਰਨ ਲਈ ਢੁਕਵਾਂ ਬਹੁ-ਅਰਥਕ ਸ਼ਬਦ ਚੁਣੋ :

ਲਾਲ ਸਿੰਘ ਤੇ ਕਮਿੱਕਰ ਸਿੰਘ ਸਾਂਝੀ __________ 'ਤੇ ਖੜੇ ਸਨ । ਫ਼ਸਲ ਵੱਲ ਵੇਖ ਕੇ ਕਮਿੱਕਰ ਸਿੰਘ ਨੇ ਮੱਥੇ __________ ਪਾ ਲਏ । ਲਾਲ ਸਿੰਘ ਬੋਲਿਆ ਅੱਜ ਬਹੁਤ __________ ਹੈ, ਲਗਦਾ ਮੀਂਹ ਆਵੇਗਾ । ਮੈਂ ਪਿਛਲੇ ਮਹੀਨੇ ਘਰੇ ਕਿਹਾ ਵੀ ਸੀ ਕਿ ਸੇਵੀਆਂ __________ ਲਓ, ਮੀਂਹ ਸਮੇਂ ਅਰਾਮ ਨਾਲ਼ ਖਾਵਾਂਗੇ ।

(A) ਲੜ (B) ਵੱਟ

(C) ਧਾਰ (D) ਝੱਖੜ

(ii) ਉਹ ਸ਼ਬਦ ਜਿਸ ਦੇ ਅਰਥ ਇੱਕ ਤੋਂ ਜ਼ਿਆਦਾ ਹੋਣ, ਉਸ ਨੂੰ _________ ਕਹਿੰਦੇ ਹਨ । ਸਹੀ ਵਿਕਲਪ ਚੁਣ ਕੇ ਖਾਲੀ ਥਾਂ ਭਰੋ :

(A) ਪੜਨਾਂਵ ਸ਼ਬਦ (B) ਵਿਰੋਧਾਰਥਕ ਸ਼ਬਦ

(C) ਅਰਥਹੀਣ ਸ਼ਬਦ (D) ਬਹੁ-ਅਰਥਕ ਸ਼ਬਦ

(iii) 'ਕੋਟ' ਦਾ ਇੱਕ ਅਰਥ ਹੈ, 'ਪਹਿਨਣ ਵਾਲਾ ਕੱਪੜਾ', ਦੂਜਾ ਅਰਥ ਹੈ :

(A) ਕਿਲ੍ਹਾ (B) ਕੰਮ

(C) ਥੁੜ੍ਹ (D) ਟੋਲਾ

**5.** **ਕਿਰਿਆ-ਵਿਸ਼ੇਸ਼ਣ** (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ***ਦੋ*** *(any **two**)* ਹੱਲ ਕਰੋ) : *2×1=2*

(i) ਹੇਠ ਲਿਖੇ ਵਿਕਲਪਾਂ ਵਿੱਚੋਂ ਸਥਾਨ-ਵਾਚਕ ਕਿਰਿਆ-ਵਿਸ਼ੇਸ਼ਣ ਦੇ ਸ਼ਬਦ-ਸਮੂਹ ਚੁਣੋ :

(A) ਵਾਰ-ਵਾਰ, ਦੁਬਾਰਾ, ਘੜੀ-ਮੁੜੀ

(B) ਕੋਲ, ਉਰ੍ਹਾਂ, ਪਰ੍ਹਾਂ

(C) ਕਿਉਂ, ਤਾਂ ਹੀ, ਤਦੇ

(D) ਅਚਨਚੇਤ, ਧੜਾਧੜ, ਝੱਟ-ਪੱਟ

(ii) ਜਿਨ੍ਹਾਂ ਸ਼ਬਦਾਂ ਤੋਂ ਕਿਰਿਆ ਦੀ ਵਾਰੀ, ਗਿਣਤੀ ਜਾਂ ਦੁਹਰਾਅ ਦਾ ਪਤਾ ਲੱਗੇ, ਉਹਨਾਂ ਨੂੰ _________ ਕਿਹਾ ਜਾਂਦਾ ਹੈ । ਸਹੀ ਵਿਕਲਪ ਚੁਣ ਕੇ ਖਾਲੀ ਸਥਾਨ ਭਰੋ :

(A) ਕਾਲ-ਵਾਚਕ ਕਿਰਿਆ-ਵਿਸ਼ੇਸ਼ਣ

(B) ਪਰਿਮਾਣ-ਵਾਚਕ ਕਿਰਿਆ-ਵਿਸ਼ੇਸ਼ਣ

(C) ਸੰਖਿਆ-ਵਾਚਕ ਕਿਰਿਆ-ਵਿਸ਼ੇਸ਼ਣ

(D) ਨਿਸ਼ਚੇ-ਵਾਚਕ ਕਿਰਿਆ-ਵਿਸ਼ੇਸ਼ਣ

www.careerindia.com

(iii) ਹੇਠ ਲਿਖੇ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ :

ਮੈਂ ਉਹਨਾਂ ਵਿੱਚੋਂ ਨਹੀਂ ਜਿਹੜੇ ਮੂੰਹ 'ਤੇ ਅੱਛਾ ਜੀ, ਚੰਗਾ ਜੀ, ਕਹਿ ਦਿੰਦੇ ਹਨ ਪਰ ਪਿੱਠ ਪਿਛੇ ਕੁਝ ਹੋਰ ਕਹਿੰਦੇ ਹਨ ।

(A) ਮੈਂ ਪਰ
(B) ਅੱਛਾ ਜੀ, ਚੰਗਾ ਜੀ
(C) ਕਹਿ ਦਿੰਦੇ, ਕੁਝ ਹੋਰ
(D) ਉਹਨਾਂ, ਕਿਸੇ

**6.** **ਅਗੇਤਰ-ਪਿਛੇਤਰ** (ਪੁੱਛੇ ਗਏ ਅਨੁਸਾਰ ਹੱਲ ਕਰੋ) : *1+1=2*

(i) ਹੇਠ ਲਿਖਿਆਂ ਵਿੱਚੋਂ ਕਿਸੇ ***ਇੱਕ*** *(any **one**)* ਅਗੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਅ, ਨਿਰ

(ii) ਹੇਠ ਲਿਖਿਆਂ ਵਿੱਚੋਂ ਕਿਸੇ ***ਇੱਕ*** *(any **one**)* ਪਿਛੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਆਹਟ, ਦਾਇਕ

**7.** ਹੇਠ ਲਿਖਿਆਂ ਵਿੱਚੋਂ ਕਿਸੇ ***ਚਾਰ*** *(any **four**)* ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ : *4×1=4*

(i) ਖ਼ਿਆਲੀ ਪੁਲਾਓ ਪਕਾਉਣਾ

(ii) ਗੱਲ ਪੱਲੇ ਬੰਨ੍ਹਣਾ

(iii) ਘੋੜੇ ਵੇਚ ਕੇ ਸੌਣਾ

(iv) ਚਿਹਰੇ ਉੱਤੇ ਹਵਾਈਆਂ ਉੱਡਣਾ

(v) ਛੱਕੇ ਛੁਡਾਉਣੇ

(vi) ਜ਼ਬਾਨ ਦੇਣੀ

## ਭਾਗ-III : ਪ੍ਰਭਾਵਸ਼ਾਲੀ ਲਿਖਣ ਕੌਸ਼ਲ

## (PART-III : Writing Skills) *8+6+4=18*

**8.** ਹੇਠ ਲਿਖਿਆਂ ਵਿਚੋਂ ਕਿਸੇ ***ਇੱਕ*** *(any **one**)* ਵਿਸ਼ੇ'ਤੇ 200 ਸ਼ਬਦਾਂ ਵਿੱਚ ਲੇਖ ਲਿਖੋ : *1×8=8*

(i) ਸਮੇਂ ਦੀ ਕਦਰ

ਨੁਕਤੇ :– ਭੂਮਿਕਾ ....... ਕੁਦਰਤ ਤੇ ਸਮੇਂ ਦਾ ਸੰਬੰਧ ....... ਮਨੁੱਖ ਤੇ ਸਮੇਂ ਦਾ ਸੰਬੰਧ ....... ਮਹਾਨ ਵਿਅਕਤੀਆਂ ਦੇ ਜੀਵਨ ਦਾ ਮੁੱਖ ਰਾਜ ਸਮੇਂ ਦੀ ਕਦਰ ....... ਵਿਦੇਸ਼ਾਂ ਵਿੱਚ ਸਮੇਂ ਦੀ ਕਦਰ ....... ਸਮਾਂ ਬਰਬਾਦ ਕਰਨ ਦੇ ਪ੍ਰਮੁੱਖ ਨੁਕਸਾਨ ....... ਸੁਝਾਅ ....... ਸਿੱਟਾ ....... ।

CAREERINDIA

(ii) ਹਰਿਆਵਲ ਲਹਿਰ : ਸਮੇਂ ਦੀ ਸਭ ਤੋਂ ਵੱਡੀ ਲੋੜ

ਨੁਕਤੇ :– ਭੂਮਿਕਾ ....... ਕੁਦਰਤੀ ਕਰੋਪੀਆਂ ਦੇ ਕਾਰਨ ....... ਰੁੱਖਾਂ ਦੀ ਮਹੱਤਤਾ ਤੇ ਲਾਭ ....... ਵੱਖ-ਵੱਖ ਸੰਸਥਾਵਾਂ ਤੇ ਸ਼ਖਸ਼ੀਅਤਾਂ ਦਾ ਯੋਗਦਾਨ ....... ਹਰਿਆਵਲ ਲਹਿਰ ਪ੍ਰਤੀ ਜਾਗਰੂਕਤਾ ....... ਰੁੱਖ ਲਗਾਉਣਾ ਤੇ ਬਚਾਉਣਾ : ਅਜੋਕੇ ਸਮੇਂ ਦੀ ਪ੍ਰਮੁੱਖ ਲੋੜ ....... ਸਾਰੰਸ਼ ....... ।

(iii) ਪੰਜਾਬ ਦੀਆਂ ਲੋਕ-ਖੇਡਾਂ

ਨੁਕਤੇ : – ਜਾਣ-ਪਛਾਣ ....... ਲੋਕ-ਖੇਡਾਂ ਦਾ ਵਰਗੀਕਰਨ ....... ਲੋਕ-ਖੇਡਾਂ ਬਾਰੇ ਵਰਨਣ ....... ਲੋਕ-ਖੇਡਾਂ ਦੀ ਮਹੱਤਤਾ ....... ਲੋਕ-ਖੇਡਾਂ ਪ੍ਰਤੀ ਸੁਝਾਅ ....... ਸਾਰੰਸ਼ ....... ।

**9.** ਪੱਤਰ-ਰਚਨਾ : *1×6=6*

(i) ਆਪਣੇ ਸਭ ਤੋਂ ਮਨਪਸੰਦ ਅਧਿਆਪਕ ਨੂੰ ਆਪਣੇ ਘਰ ਦੇ ਹਾਲਾਤ, ਮਾਪਿਆਂ ਦੀ ਇੱਛਾ ਤੇ ਆਪਣੀ ਰੁਚੀ ਦੱਸਦੇ ਹੋਏ ਸਲਾਹ ਲੈਣ ਲਈ ਪੱਤਰ ਲਿਖੋ ਕਿ ਤੁਹਾਨੂੰ ਦਸਵੀਂ ਪਾਸ ਕਰਨ ਤੋਂ ਬਾਅਦ ਕੀ ਕਰਨਾ ਚਾਹੀਦਾ ਹੈ ।

ਨੁਕਤੇ :– ਦਸਵੀਂ ਦੇ ਇਮਤਿਹਾਨਾਂ ਦਾ ਜ਼ਿਕਰ ....... ਵਧੀਆ ਨਤੀਜੇ ਦੀ ਉਮੀਦ ....... ਉਚੇਰੀ ਵਿੱਦਿਆ ਸੰਬੰਧੀ ਸਲਾਹ ....... ਪਰਿਵਾਰ ਦੀ ਆਰਥਿਕ ਹਾਲਤ ਬਾਰੇ ਜਾਣਕਾਰੀ ....... ਪੜ੍ਹਾਈ ਦੇ ਨਾਲ਼-ਨਾਲ਼ ਨੌਕਰੀ ਦੀ ਇੱਛਾ ....... ਓਪਨ ਸਕੂਲ ਪ੍ਰਣਾਲੀ ਰਾਹੀਂ 10+2 ....... ਕੁਝ ਬਣਨ ਦੀ ਇੱਛਾ ਲਈ ਹੋਰ ਅੱਗੇ ਪੜ੍ਹਾਈ ....... ਚੰਗੀ ਸਲਾਹ ਦੀ ਉਮੀਦ ....... ।

**ਜਾਂ (OR)**

(ii) ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਬਿਨੈ ਪੱਤਰ ਲਿਖੋ ਜਿਸ ਵਿੱਚ ਸਕੂਲ ਦੀ ਲਾਇਬਰੇਰੀ ਵਿੱਚ ਪੰਜਾਬੀ ਦੀ ਅਖ਼ਬਾਰ ਲਗਵਾਉਣ ਲਈ ਇੱਛਾ ਦੱਸੋ ।

ਨੁਕਤੇ : ਦਸਵੀਂ ਜਮਾਤ ਦੀ ਵਿਦਿਆਰਥਣ/ਵਿਦਿਆਰਥੀ ....... ਲਾਇਬਰੇਰੀ ਵਿੱਚ ਬਹੁਤ ਵਧੀਆ ਕਿਤਾਬਾਂ ਅਤੇ ਅਖਬਾਰਾਂ ....... ਪੰਜਾਬੀ ਭਾਸ਼ਾ ਦੀ ਅਖ਼ਬਾਰ ਦੀ ਅਣਹੋਂਦ ....... ਅਖ਼ਬਾਰ ਵਿੱਚ ਲੇਖ ....... ਕਵਿਤਾਵਾਂ ....... ਹੋਰ ਜਾਣਕਾਰੀ ਹਾਸਲ ਕਰਨਾ ....... ਆਪ ਵੱਲੋਂ ਸਾਕਾਰਾਤਮਕ ਆਸ ।

www.careerindia.com

**10.** ਹੇਠਲੀ ਤਸਵੀਰ ਨੂੰ ਧਿਆਨ ਨਾਲ਼ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ : *1×4=4*



***ਨੋਟ:*** *ਹੇਠਲਾ ਪ੍ਰਸ਼ਨ ਤਸਵੀਰ ਆਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਣ ਵਿਦਿਆਰਥੀਆਂ (VISUALLY IMPAIRED) ਲਈ ਹੈ ।*

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਇੱਕ ਆਰ.ਓ. ਹੋਰ ਲਗਵਾ ਕੇ ਪੀਣ ਵਾਲੇ ਪਾਣੀ ਦੀ ਸੁਵਿਧਾ ਵਧੀਆ ਕਰਨ ਲਈ ਬਿਨੈ ਪੱਤਰ ਲਿਖੋ ।

## ਭਾਗ–IV : ਪਾਠ–ਪੁਸਤਕ 'ਤੇ ਆਧਾਰਿਤ ਪ੍ਰਸ਼ਨ

**(PART–IV : Text-Book Based Questions)** *5+5+4+14+8+4=40*

**11.** **ਕਹਾਣੀ ਤੇ ਵਾਰਤਕ ਵਿੱਚੋਂ** (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ***ਪੰਜ*** (*any* ***five***) ਹੱਲ ਕਰੋ) : *5×1=5*

(i) ਖੱਟੀ ਕਮਾਈ ਕਰ ਕੇ ਕਿੱਥੇ ਮੁੜ ਕੇ ਆਉਣ ਨੂੰ ਜੀਅ ਕਰਦਾ ਹੈ ? 'ਘਰ ਦਾ ਪਿਆਰ' ਲੇਖ ਦੇ ਆਧਾਰ 'ਤੇ ਦੱਸੋ ।

(A) ਸਕੂਲ (B) ਕਾਲਜ

(C) ਹੋਸਟਲ (D) ਘਰ

(ii) 'ਬੋਲੀ' ਲੇਖ ਵਿੱਚ ਲੇਖਕ ਨੇ ਦਿਲ ਦੀ ਦੌਲਤ ਦੀਆਂ ਮੋਹਰਾਂ ਕਿਸ ਨੂੰ ਆਖਿਆ ਹੈ ?

(A) ਪੈਸੇ ਨੂੰ (B) ਪੜ੍ਹਾਈ ਨੂੰ

(C) ਨੌਕਰੀ ਨੂੰ (D) ਲਫ਼ਜ਼ਾਂ ਨੂੰ

CAREERINDIA

(iii) 'ਮੇਰੇ ਵੱਡੇ-ਵਡੇਰੇ' ਲੇਖ ਅਨੁਸਾਰ ਕਿਹੜੇ ਪਿੰਡ ਵਾਲਿਆਂ ਨੇ ਲੇਖਕ ਦੇ ਵੱਡੇ-ਵਡੇਰਿਆਂ ਨਾਲ਼ ਰਿਸ਼ਤਾ ਤੋੜ ਲਿਆ ਸੀ ?

(A) ਛਾਪੇ ਪਿੰਡ ਵਾਲਿਆਂ ਨੇ (B) ਛਪਾਈ ਪਿੰਡ ਵਾਲਿਆਂ ਨੇ

(C) ਚੜਿਕ ਪਿੰਡ ਵਾਲਿਆਂ ਨੇ (D) ਲੋਦੇ ਪਿੰਡ ਵਾਲਿਆਂ ਨੇ

(iv) 'ਕੁਲਫ਼ੀ' ਕਹਾਣੀ ਵਿੱਚ ਕਾਕਾ ਅਸਮਾਨ ਦੇ ਤਾਰਿਆਂ ਨੂੰ ਕੀ ਸਮਝਦਾ ਸੀ ?

(A) ਹੀਰੇ (B) ਰੁਪਏ

(C) ਮੁਰਮੁਰੇ (D) ਕੁਲਫ਼ੀ

(v) 'ਧਰਤੀ ਹੇਠਲਾ ਬਲ਼ਦ' ਕਹਾਣੀ ਅਨੁਸਾਰ ਮਾਨ ਸਿੰਘ ਤੇ ਕਰਮ ਸਿੰਘ ਕਿਸ ਫ਼੍ਰੰਟ 'ਤੇ ਲੜ ਰਹੇ ਸਨ ?

(A) ਅਮਰੀਕਾ (B) ਪਾਕਿਸਤਾਨ

(C) ਬਰਮਾ (D) ਰੂਸ

(vi) 'ਅੰਗ-ਸੰਗ' ਕਹਾਣੀ ਵਿੱਚ ਨਾਨਕਿਆਂ ਨੇ ਜ਼ੁੰਮੇਵਾਰੀ ਦੀ ਪੱਗ ਕਿਸ ਦੇ ਸਿਰ ਬੰਨ੍ਹੀ ਸੀ ?

(A) ਅਮਰੀਕ ਸਿੰਘ ਦੇ (B) ਮਹਿੰਦਰ ਸਿੰਘ ਦੇ

(C) ਮੱਖਣ ਸਿੰਘ ਦੇ (D) ਕਰਮ ਸਿੰਘ ਦੇ

12. **ਕਵਿਤਾ ਤੇ ਇਕਾਂਗੀ ਵਿੱਚੋਂ** (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ***ਪੰਜ*** *(any **five**)* ਹੱਲ ਕਰੋ) : *5×1=5*

(i) 'ਭੰਡਿ ਜੰਮੀਐ ਭੰਡਿ ਨਿੰਮੀਐ' ਸਤਰਾਂ ਕਿਸ ਰਚਨਾ ਵਿੱਚੋਂ ਹਨ ?

(A) ਕਿਰਪਾ ਕਰਿ ਕੈ ਬਖਸਿ ਲੈਹੁ

(B) ਸੋ ਕਿਉ ਮੰਦਾ ਆਖੀਐ

(C) ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ

(D) ਸਤਿਗੁਰ ਨਾਨਕ ਪ੍ਰਗਟਿਆ

(ii) ਸ਼ਾਹ ਮੁਹੰਮਦ ਦੀ ਰਚਨਾ 'ਜੰਗ ਦਾ ਹਾਲ' ਵਿੱਚ ਆਏ ਸ਼ਬਦ 'ਮੇਖਜ਼ੀਨਾਂ' ਤੋਂ ਕੀ ਭਾਵ ਹੈ ?

(A) ਨਗਾਰਾ (B) ਕਿੱਲਾਂ

(C) ਸ਼ਸਤਰ-ਘਰ (D) ਘੋੜੇ ਦੀ ਕਾਠੀ

(iii) 'ਕਿਰਪਾ ਕਰਿ ਕੈ ਬਖਸਿ ਲੈਹੁ' ਬਾਣੀ ਅਨੁਸਾਰ ਜਦੋਂ ਗੁਰੂ ਪ੍ਰਸੰਨ ਹੋ ਜਾਂਦਾ ਹੈ ਤਾਂ ਉਹ ਜੀਵ ਨੂੰ ਕਿਸ ਨਾਲ਼ ਮਿਲਾਉਂਦਾ ਹੈ ?

(A) ਵਿਕਾਰਾਂ ਨਾਲ਼ (B) ਭੁੱਲਾਂ ਨਾਲ਼

(C) ਗੁਨਾਹਾਂ ਨਾਲ਼ (D) ਪ੍ਰਭੂ ਨਾਲ਼

www.careerindia.com

CAREERINDIA

(iv) ਨਿਹਾਲ ਕੌਰ ਅਨੁਸਾਰ ਮਨਜੀਤ ਕੌਰ ਨੂੰ ਕੌਣ ਪੁੱਠੀਆਂ ਸਲਾਹਾਂ ਦਿੰਦਾ/ਦਿੰਦੀ ਹੈ ? 'ਦੂਜਾ ਵਿਆਹ' ਇਕਾਂਗੀ ਦੇ ਆਧਾਰ 'ਤੇ ਉੱਤਰ ਦਿਓ ।

(A) ਸੁਖਦੇਵ ਸਿੰਘ (B) ਸੁਖਦੇਵ ਕੌਰ

(C) ਗੁਰਦਿੱਤ ਸਿੰਘ (D) ਗੁਆਂਢਣ

(v) 'ਜ਼ਫ਼ਰਨਾਮਾ' ਇਕਾਂਗੀ ਅਨੁਸਾਰ ਔਰੰਗਜ਼ੇਬ ਦੀ ਜ਼ਮੀਰ ਕੀ ਪੜ੍ਹ ਕੇ ਕੰਬ ਗਈ ?

(A) ਜ਼ਫ਼ਰਨਾਮਾ (B) ਪੁੱਤਰ ਦੀ ਚਿੱਠੀ

(C) ਹਕੀਮ ਦਾ ਨੁਸਖ਼ਾ (D) ਸੂਬਾ ਸਰਹਿੰਦ ਦਾ ਪੈਗ਼ਾਮ

(vi) 'ਜ਼ਫ਼ਰਨਾਮਾ' ਇਕਾਂਗੀ ਦੇ ਵਾਪਰਨ ਦਾ ਸਥਾਨ ਕਿਹੜਾ ਦਰਸਾਇਆ ਗਿਆ ਹੈ ?

(A) ਅਹਿਮਦ ਨਗਰ (B) ਸਰਹਿੰਦ

(C) ਲਾਹੌਰ (D) ਦੀਨਾ-ਕਾਂਗੜ

**13.** **ਕਹਾਣੀ ਤੇ ਵਾਰਤਕ ਵਿੱਚੋਂ** (ਕਿਸੇ ***ਚਾਰ*** *(any **four**)* ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ) : *4×1=4*

(i) 'ਮੇਰੇ ਵੱਡੇ-ਵਡੇਰੇ' ਲੇਖ ਵਿੱਚ ਬਾਬੇ ਦਾਸ ਨੇ ਕਿੱਕਰ ਦੀ ਗੇਲੀ ਨੂੰ ਕੀ ਆਖਿਆ ਸੀ ?

(ii) 'ਬੋਲੀ' ਲੇਖ ਦੇ ਆਧਾਰ 'ਤੇ ਸਪਸ਼ਟ ਕਰੋ ਕਿ ਬੱਚਿਆਂ ਦੀ ਦੁਨੀਆ ਵਿੱਚ ਅਮੀਰੀ ਦਾ ਵਾਧਾ ਕਾਇਮ ਰੱਖਣਾ, ਕਿਸ ਦੀ ਜ਼ਿੰਦਗੀ ਦਾ ਪਹਿਲਾ ਧਰਮ ਹੈ ?

(iii) 'ਘਰ ਦਾ ਪਿਆਰ' ਲੇਖ ਅਨੁਸਾਰ ਲੇਖਕ ਕਿੱਥੇ ਖੜ੍ਹ ਕੇ ਆਪਣੇ ਪਿੰਡ ਦੀ ਝਾਕੀ ਦੇਖਦਾ ਸੀ ?

(iv) ਮਸੱਦੀ ਲਾਲ ਤੋਂ ਧੇਲੇ ਵਿੱਚ ਕੀ ਲਿਆ ਜਾਂਦਾ ਸੀ ? 'ਕੁਲਫ਼ੀ' ਕਹਾਣੀ ਦੇ ਆਧਾਰ 'ਤੇ ਦੱਸੋ ।

(v) 'ਧਰਤੀ ਹੇਠਲਾ ਬਲ਼ਦ' ਕਹਾਣੀ ਵਿੱਚ ਜਸਵੰਤ ਸਿੰਘ ਕੌਣ ਹੈ ?

**14.** **ਕਹਾਣੀ, ਵਾਰਤਕ ਤੇ ਇਕਾਂਗੀ ਵਿੱਚੋਂ** (ਕਿਸੇ ***ਸੱਤ*** *(any **seven**)* ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ) : *7×2=14*

(i) ਅੰਗ-ਸੰਗ ਕਹਾਣੀ ਅਨੁਸਾਰ ਕਰਤਾਰ ਸਿੰਘ ਦੇ ਪਰਿਵਾਰ ਵਿੱਚ ਕੌਣ-ਕੌਣ ਹੈ ?

(ii) 'ਕੁਲਫ਼ੀ' ਕਹਾਣੀ ਦੇ ਆਧਾਰ 'ਤੇ ਦੱਸੋ ਕਿ ਕੁਲਫ਼ੀ ਵਾਲ਼ੇ ਦਾ ਹੋਕਾ ਸੁਣ ਕੇ ਲੇਖਕ ਦੇ ਮਨ ਵਿੱਚ ਕੀ ਵਿਚਾਰ ਆਏ ?

(iii) ਮਾਨ ਸਿੰਘ ਨੂੰ ਕਰਮ ਸਿੰਘ ਦਾ ਪਿਤਾ ਧਰਤੀ ਹੇਠਲਾ ਭਾਰ ਚੁੱਕਣ ਵਾਲ਼ਾ ਧੌਲ ਕਿਉਂ ਲਗਦਾ ਹੈ ?

(iv) 'ਦੂਜਾ ਵਿਆਹ' ਇਕਾਂਗੀ ਵਿੱਚ ਮਨਜੀਤ ਕੌਰ ਕਿਹੜੀ ਸਭਾ ਦੀ ਮੈਂਬਰ ਹੈ ? ਉਹ ਸਭਾ ਕੀ ਕੰਮ ਕਰਦੀ ਹੈ ?

www.careerindia.com

CAREERINDIA

(v) 'ਜ਼ਫ਼ਰਨਾਮਾ' ਇਕਾਂਗੀ ਦੇ ਆਧਾਰ 'ਤੇ ਦੱਸੋ ਕਿ ਔਰੰਗਜ਼ੇਬ ਦੇ ਫ਼ੌਜਦਾਰ ਤੇ ਸੂਬੇਦਾਰ ਉਸ ਤੋਂ ਬਾਗ਼ੀ ਕਿਉਂ ਹੋ ਗਏ ਸਨ ?

(vi) 'ਤੁਰਨ ਦਾ ਹੁਨਰ' ਪਾਠ ਅਨੁਸਾਰ ਲੰਮੇ ਪੈਂਡੇ ਦਾ ਸਾਹਸ ਕੌਣ ਕਰ ਸਕਦਾ ਹੈ ?

(vii) ਤੁਹਾਡੇ ਵਿਚਾਰ ਅਨੁਸਾਰ 'ਅੰਗ-ਸੰਗ' ਕਹਾਣੀ ਵਿੱਚ ਮੁੱਖ ਤੌਰ 'ਤੇ ਕਿਹੜਾ ਸੰਦੇਸ਼ ਉੱਘੜ ਕੇ ਸਾਹਮਣੇ ਆਉਂਦਾ ਹੈ ?

(viii) 'ਬੋਲੀ' ਲੇਖ ਦੇ ਆਧਾਰ 'ਤੇ ਆਪਣੇ ਵਿਚਾਰ ਪ੍ਰਗਟ ਕਰੋ ਕਿ ਬਚਪਨ ਦੀ ਬੋਲੀ ਦਾ ਖ਼ਜ਼ਾਨਾ ਸਾਨੂੰ ਬੋਲੀ ਪੱਖੋਂ ਅਮੀਰ ਕਿਵੇਂ ਬਣਾਉਂਦਾ ਹੈ ?

**15.** **ਕਵਿਤਾ ਤੇ ਵਾਰਤਕ ਵਿੱਚੋਂ** (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : *2×4=8*

(i) (ੳ) ਭਾਈ ਗੁਰਦਾਸ ਜੀ ਦੀ ਰਚਨਾ 'ਸਤਿਗੁਰ ਨਾਨਕ ਪ੍ਰਗਟਿਆ' ਦਾ ਜੇ ਸਮਾਜਿਕ ਪੱਖ ਤੋਂ ਅਧਿਐਨ ਕਰੀਏ ਤਾਂ ਕਿਹੜੇ-ਕਿਹੜੇ ਸਮਾਜਿਕ ਪਰਿਵਰਤਨਾਂ ਦਾ ਜ਼ਿਕਰ ਨਜ਼ਰ ਆਉਂਦਾ ਹੈ ?

**ਜਾਂ (OR)**

(ਅ) ਪਰਮਾਤਮਾ ਦਾ ਨਾਮ ਧਿਆ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਨ ਦੀ ਅਵਸਥਾ ਕਿਹੋ ਜਿਹੀ ਹੋ ਗਈ ਹੈ ? 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਰਚਨਾ ਦੇ ਆਧਾਰ 'ਤੇ ਆਪਣੇ ਵਿਚਾਰ ਪ੍ਰਗਟ ਕਰੋ ।

(ii) (ੳ) ਅਜੋਕੇ ਸਮੇਂ ਵਿੱਚ ਬਹੁ-ਗਿਣਤੀ ਲੋਕ ਤੁਰਨ ਦੇ ਵਿਰੋਧ ਵਿੱਚ ਜੋ-ਜੋ ਤਰਕ ਦਿੰਦੇ ਹਨ, ਉਹਨਾਂ ਨੂੰ 'ਤੁਰਨ ਦਾ ਹੁਨਰ' ਪਾਠ ਦੇ ਆਧਾਰ 'ਤੇ ਪ੍ਰਗਟਾਓ ।

**ਜਾਂ (OR)**

(ਅ) 'ਪ੍ਰਾਰਥਨਾ' ਲੇਖ ਦੇ ਆਧਾਰ 'ਤੇ ਦੱਸੋ ਕਿ ਰੋਜ਼ਾਨਾ ਸ਼ਬਦ ਪੜ੍ਹਨ ਨਾਲ ਕੈਦੀ ਦੇ ਮਨ 'ਤੇ ਕੀ ਪ੍ਰਭਾਵ ਪਏ ?

**16.** **ਇਕਾਂਗੀ ਵਿੱਚੋਂ** (ਕਿਸੇ ***ਇੱਕ*** *(any **one**)* ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : *1×4=4*

(i) 'ਜ਼ਫ਼ਰਨਾਮਾ' ਖ਼ਤ ਬਾਰੇ ਔਰੰਗਜ਼ੇਬ ਨੇ ਅਸਦ ਖ਼ਾਨ ਨੂੰ ਜੋ ਵਿਚਾਰ ਪ੍ਰਗਟਾਏ ਹਨ, ਉਹਨਾਂ 'ਤੇ 'ਜ਼ਫ਼ਰਨਾਮਾ' ਇਕਾਂਗੀ ਦੇ ਆਧਾਰ 'ਤੇ ਚਾਨਣਾ ਪਾਓ ।

(ii) 'ਦੂਜਾ ਵਿਆਹ' ਇਕਾਂਗੀ ਵਿੱਚ ਨਿਹਾਲ ਕੌਰ ਨੂੰ ਆਪਣੀ ਨੂੰਹ ਵਿੱਚ ਕਿਹੜੀਆਂ-ਕਿਹੜੀਆਂ ਕਮੀਆਂ ਨਜ਼ਰ ਆਉਂਦੀਆਂ ਹਨ ?



www.careerindia.com